# PUNJABI

2013

## Paper II

## ( LITERATURE )

| Time allowed : **Three** Hours | Maximum Marks : **250** |
|---|---|

---

### Question Paper Specific Instructions

***Please read each of the following instructions carefully before attempting questions :***

*There are **EIGHT** questions divided in two **SECTIONS**.*

*Candidate has to attempt **FIVE** questions in all.*

*Questions no. **1** and **5** are compulsory and out of the remaining, **THREE** are to be attempted choosing at least **ONE** from each section.*

*The number of marks carried by a question / part is indicated against it.*

*Answers must be written in **PUNJABI**.*

*Word limit in questions, wherever specified, should be adhered to.*

*Attempts of questions shall be counted in chronological order. Unless struck off, attempt of a question shall be counted even if attempted partly. Any page or portion of the page left blank in the answer book must be clearly struck off.*

---

punjabiforias.com by Satinder Sir



Scanned with CamScanner

## SECTION A

**Q1.** ਹੇਠ ਲਿਖੇ ਪੰਜਾਂ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ : *10×5=50*

(a) ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ
ਚਲਾ ਤ ਭਿਜੈ ਕੰਬਲੀ ਰਹਾ ਤ ਤੁਟੈ ਨੇਹੁ ।।
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ।। *10*

(b) ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ।।
ਦਿਵਸੁ ਰਾਤਿ ਦੁਇ ਦਾਈ ਦਾਇਆ
ਖੇਲੈ ਸਗਲ ਜਗਤੁ ।।
ਚੰਗਿਆਈਆ ਬੁਰਿਆਈਆ
ਵਾਚੈ ਧਰਮੁ ਹਦੂਰਿ ।।
ਕਰਮੀ ਆਪੋ ਆਪਣੀ
ਕੇ ਨੇੜੈ ਕੇ ਦੂਰਿ ।। *10*

(c) ਉਲਟੇ ਹੋਰ ਜ਼ਮਾਨੇ ਆਏ ।
ਕਾਂ ਲਗੜ ਨੂੰ ਮਾਰਨ ਲੱਗੇ, ਚਿੜੀਆਂ ਜੁੱਰੇ ਖਾਏ ।
ਉਲਟੇ ਹੋਰ ਜ਼ਮਾਨੇ ਆਏ ।
ਇਰਾਕੀਆਂ ਨੂੰ ਚਾਬਕ ਪਉਂਦੇ, ਗੱਧੋਂ ਖੂਦ ਖਵਾਏ ।
ਉਲਟੇ ਹੋਰ ਜ਼ਮਾਨੇ ਆਏ ।
... ਹੁਕਮ ਹਜ਼ੂਰੋਂ ਆਇਆ, ਤਿਸ ਨੂੰ ਕੌਣ ਹਟਾਏ ।

(d) ਅਵਲ ਹਮਦ ਖ਼ੁਦਾ ਦਾ ਵਿਰਦ ਕੀਜੈ,
ਇਸ਼ਕ ਕੀਤਾ ਸੂ ਜਗ ਦਾ ਮੂਲ ਮੀਆਂ ।
ਪਹਿਲਾਂ ਆਪ ਅਲਾਹ ਨੇ ਇਸ਼ਕ ਕੀਤਾ,
ਤੇ ਮਸ਼ੂਕ ਹੈ ਨਬੀ ਰਸੂਲ ਮੀਆਂ ।
ਇਸ਼ਕ ਪੀਰ ਫਕੀਰ ਦਾ ਮਰਤਬਾ ਹੈ,
ਮਰਦ ਇਸ਼ਕ ਦਾ ਭਲਾ ਰੰਜੂਲ ਮੀਆਂ ।

punjabiforias.com by Satinder Sir



Scanned with CamScanner

(e) ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ॥
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ॥
ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ ॥
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ ॥ 10

Q2. (a) "ਬਾਣੀ ਸ਼ੇਖ ਫਰੀਦ ਦਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਣਾ ਗੁਰਮਤ ਅਤੇ ਸਫ਼ੀਮਤ ਦੀ ਵਿਚਾਰਧਾਰਕ ਸਾਂਝ ਦਾ ਪ੍ਰਤੀਕ ਹੈ; ਇਸ ਦੇ ਬਾਵਜੂਦ ਸ਼ੇਖ਼ ਫਰੀਦ ਦੀ ਕਾਵਿ-ਸਾਧਨਾ ਦਾ ਮੌਲਿਕ ਅਤੇ ਨਿਖੜਵਾਂ ਚਰਿੱਤਰ ਹੈ" — ਇਸ ਕਥਨ ਦੇ ਸੰਦਰਭ ਵਿਚ ਫਰੀਦ-ਕਾਵਿ ਦਾ ਮੁਲਾਂਕਣ ਪੇਸ਼ ਕਰੋ । (ਸ਼ਬਦ ਸੀਮਾ : 250) 20

(b) ਜਪੁਜੀ ਸਾਹਿਬ ਵਿਚ ਪੰਜਾਂ ਖੰਡਾਂ ਦੀ ਵਿਆਖਿਆ ਰਾਹੀਂ ਗੁਰੂ ਨਾਨਕ ਨੇ ਮਨੁੱਖੀ ਜੀਵਨ ਦੇ ਰੂਹਾਨੀ ਵਿਕਾਸ ਦਾ ਮਾਰਗ-ਉਲੀਕ ਕੇ ਉਸ ਅੰਦਰਲੀਆਂ ਅਸੀਮ ਸੰਭਾਵਨਵਾਂ ਨੂੰ ਜਾਗ੍ਰਿਤ ਕੀਤਾ ਹੈ — ਕਿਵੇ ? ਉੱਤਰ ਉਦਾਹਰਣਾ ਸਹਿਤ ਲਿਖੋ । 20
(ਸ਼ਬਦ ਸੀਮਾ : 250)

(c) ਸ੍ਰਿਸ਼ਟੀ ਦੇ ਜਨਮ ਅਤੇ ਵਿਸਤਾਰ ਬਾਰੇ ਗੁਰੂ ਨਾਨਕ ਜਪੁਜੀ ਵਿਚ ਕੀ ਦਸਦੇ ਹਨ ? 10
(ਸ਼ਬਦ ਸੀਮਾ : 150)

(a) "ਪੰਜਾਬ ਦੇ ਸੈਕੁਲਰ ਸਾਹਿਤ ਵਿਚ 'ਹੀਰ ਵਾਰਿਸ' ਨੂੰ ਸ਼ੋਮਣੀ ਸਥਾਨ ਪ੍ਰਾਪਤ ਹੈ ਕਿਉਂਕਿ ਵਾਰਿਸ ਸ਼ਾਹ ਨੇ ਇਸ ਰਚਨਾ ਵਿਚ ਪੰਜਾਬੀ ਸਭਿਆਚਾਰ ਦੇ ਉਸ ਅੰਦਰਲੇ ਗਤੀਕਾਰ ਨੂੰ ਸੰਚਾਲਿਤ ਕੀਤਾ ਜਿਹੜਾ ਇਸਲਾਮੀ ਅਤੇ ਹਿੰਦੂ-ਸੰਸਕ੍ਰਿਤੀਆਂ ਦੀ ਅੰਤਰ-ਪ੍ਰਕਿਰਿਆ ਤੋਂ ਉਤਪੰਨ ਹੋਇਆ" — ਇਸ ਟਿਪਣੀ ਦੇ ਪ੍ਰਸੰਗ ਵਿਚ 'ਹੀਰ ਵਾਰਿਸ' ਵਿਚ ਪੇਸ਼ ਪੰਜਾਬੀ ਸਭਿਆਚਾਰ ਬਾਰੇ ਆਪਣੀ ਆਲੋਚਨਾਤਮਕ ਰਾਇ ਪੇਸ਼ ਕਰੋ । (ਸ਼ਬਦ ਸੀਮਾ : 350) 25

(b) "ਬੁਲ੍ਹੇ ਸ਼ਾਹ ਨੇ ਵਿਅੰਗ ਅਤੇ ਵਿਰੋਧ ਦੀ ਕਾਵਿ-ਵਿਧੀ ਰਾਹੀਂ ਆਪਣੇ ਸਮੇਂ ਦੀਆਂ ਸਮਾਜੋ-ਧਾਰਮਿਕ ਅਤੇ ਰਾਜਸੀ ਸਥਿਤੀਆਂ ਦੇ ਮਾਨਵ ਵਿਰੋਧੀ ਚਰਿੱਤਰ ਨੂੰ ਉਘਾੜਿਆ ਹੈ" — ਇਸ ਧਾਰਨਾ ਦੇ ਹਵਾਲੇ ਨਾਲ ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਨੂੰ ਚਰਚਾ ਦਾ ਵਿਸ਼ਾ ਬਣਾਓ । (ਸ਼ਬਦ ਸੀਮਾ : 350) 25

punjabiforias.com by Satinder Sir



Scanned with CamScanner

**4.** (a) 'ਆਸਾ ਦੀ ਵਾਰ' ਗੁਰੂੰ ਨਾਨਕ ਬਾਣੀ ਵਿਚ ਹੀ ਨਹੀਂ ਸਗੋਂ ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ੇਸ਼ ਸਥਾਨ ਰਖਦੀ ਹੈ ਕਿਉਂਕਿ ਇਹ ਵਾਰ ਇਕੋ ਵੇਲੇ ਸਦੀਵਤਾ ਅਤੇ ਸਮਕਾਲੀਨਤਾ ਦੀ ਤਰਜਮਾਨੀ ਕਰਦੀ ਹੈ — ਆਸਾ ਦੀ ਵਾਰ ਦੀ ਇਸ ਦੂਹਰੀ ਪ੍ਰਸੰਗਿਕਤਾ ਬਾਰੇ ਵਿਚਾਰ ਕਰੋ । (ਸ਼ਬਦ ਸੀਮਾ : 250) 20

(b) ਫਰੀਦ-ਬਾਣੀ ਵਿਚ ਨੈਤਿਕ ਸੋਝੀ ਦੇ ਨਾਲ ਨਾਲ ਪੰਜਾਬ ਦੀ ਲੋਕ-ਸੰਸਕ੍ਰਿਤੀ ਵੀ ਪ੍ਰਵਾਹਮਾਨ ਹੋ ਕੇ ਨਵੇਕਲੀ ਪਛਾਣ ਪ੍ਰਾਪਤ ਕਰਦੀ ਹੈ — ਕਿਵੇਂ ? ਬਾਣੀ ਵਿਚੋਂ ਦ੍ਰਿਸ਼ਟਾਂਤਾਂ ਸਹਿਤ ਉਲੇਖ ਕਰੋ । (ਸ਼ਬਦ ਸੀਮਾ : 250) 20

(c) ਬਾਰਾ ਮਾਹ ਦੇ ਕਾਵਿ-ਰੂਪ ਦੀ ਵਰਤੋਂ ਕਰਦੇ ਸਮੇਂ ਗੁਰੂ ਨਾਨਕ ਨੇ ਕੀ ਵੱਖਰਤਾ ਅਪਣਾਈ ਹੈ ? (ਸ਼ਬਦ ਸੀਮਾ : 150) 10

punjabiforias.com
by Satinder Sir

Scanned with CamScanner

**Q5.** ਹੇਠ ਲਿਖੇ ਪੰਜਾਂ ਕਾਵਿ/ਗੱਦ ਟੋਟਿਆਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ : (ਸ਼ਬਦ ਸੀਮਾ : 150) *10×5=50*

(a) ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਬਾਦਸ਼ਾਹੀ ਫ਼ੌਜਾਂ ਭਾਰੀਆਂ ਨੀ ।
ਅਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ ।
... ਇਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ । *10*

(b) ਧਰਮ, ਸਚਾਈ ਦੀ ਚਿਟਾਨ ਤੇ,
ਮਜ਼ਹਬ ਨੇ ਇਕ ਮਹੱਲ ਬਣਾਇਆ ।
ਮਜ਼ਹਬ ਦੇ ਪਾਣੀ ਨੂੰ ਗੰਦਾ,
ਕੀਤਾ ਜਦ ਜ਼ਮੀਰ ਫਰੋਸ਼ਾਂ ।
ਜਿਉਂ ਦੀ ਤਿਉਂ ਚਿਟਾਨ ਹੀ ਰਹਿ ਗਈ,
ਮਜ਼ਹਬ ਦਾ ਹੋ ਗਿਆ ਸਫ਼ਾਇਆ । *1*

(c) "ਮੈਂ ਕੇਵਲ ਮਲਿਕਾ ਨਹੀਂ, ਔਰਤ ਵੀ ਹਾਂ । ਇਸ ਔਰਤ ਨੂੰ ਮੈਂ ਜ਼ਰਾ-ਬਕਤਰ ਵਿਚ ਲੁਕੋ ਕੇ ਰਖਿਆ, ਪਰ ਇਸ ਦੀ ਅੱਗ ਮੇਰੇ ਸਰੀਰ ਨੂੰ ਝੁਲਸਦੀ ਰਹੀ ਅਤੇ ਮੈਂ ਅੰਦਰ ਹੀ ਅੰਦਰ ਜਲਦੀ ਰਹੀ । ਇਸ ਅੱਗ ਵਿਚ ਰੰਗ, ਨਸਲ ਤੇ ਮੁਲਕਾਂ ਦੀਆਂ ਹੱਦਾਂ ਪਿਘਲ ਗਈਆਂ ਹਨ ।" *1*

punjabiforias.com
by Satinder Sir



Scanned with CamScanner

(d) ਪਿਤਰੀ ਧਨ ਚਾਹੇ ਬਹੁਤਾ ਹੋਵੇ ਚਾਹੇ ਥੋੜ੍ਹਾ, ਤੇ ਭਾਵਕ ਰੂਪ ਵਿਚ ਕੋਈ ਜਾਤੀ ਚਾਹੇ ਇਸ ਉਤੇ ਯਥਾਰਥ ਤੋਂ ਵਧੇਰੇ ਮਾਨ ਕਰਦੀ ਹੋਵੇ, ਇਸ ਦਾ ਮੁੱਲ ਜ਼ਰੂਰ ਹੁੰਦਾ ਹੈ, ਅਤੇ ਵਿਗਿਆਨਕ ਸੂਝ, ਸਾਹਿਤ ਆਲੋਚਨਾ, ਆਦਿ, ਦਾ ਕਰਤਵ ਹੁੰਦਾ ਹੈ ਕਿ ਇਸ ਦਾ ਯਥਾਰਥਕ ਭਾਂਤ ਯੋਗ ਮੁੱਲ ਪਾਵੇ । 10

(e) ਮੇਰੀ ਜ਼ਿੰਦਗੀ ਥੋੜ੍ਹੀ ਹੋਵੇ ਜਾਂ ਬਹੁਤੀ, ਮਾੜੀ ਹੋਵੇ ਜਾਂ ਚੰਗੀ, ਮੇਰੀਆਂ ਉਮੈਦਾਂ ਬਰ ਆਉਣ ਜਾਂ ਟੋਟੇ ਹੋ ਜਾਣ, ਤੁਸੀ ਸਦਾ ਮੈਨੂੰ ਸਭ ਤੋਂ ਵਧੀਕ ਯਾਦ ਆਉਣ ਵਾਲੇ ਮੇਰੇ ਮਿੱਤਰ ਰਹੋਗੇ — ਤੁਹਾਡੀ ਪ੍ਰਸੰਸਾ ਦੇ ਜਾਦੂ ਨੇ ਮੈਨੂੰ ਕਿਸੇ ਨਵੀਂ ਦੁਨੀਆਂ ਵਿਚ ਪੁਚਾ ਦਿੱਤਾ ਹੈ । 10

**Q6.** (a) 'ਜੰਗ ਸਿੰਘਾਂ ਤੇ ਫਰੰਗੀਆਂ' ਵਿਚ ਸ਼ਾਹ ਮੁਹੰਮਦ ਇਕ ਪਾਸੇ ਸਿਖ ਰਾਜ ਦੇ ਖੇਰੂੰ ਖੇਰੂੰ ਹੋ ਜਾਣ ਨੂੰ ਇਕ ਤ੍ਰਾਸਦੀ ਵਾਂਗ ਮਹਿਸੂਸਦਾ ਹੈ ਅਤੇ ਦੂਜੇ ਪਾਸੇ ਹਿੰਦੂਆਂ, ਸਿਖਾਂ, ਮੁਸਲਮਾਨਾਂ ਦੀ ਭਾਵਕ ਸਾਂਝ ਦੇ ਭਰਵੇਂ ਚਿੱਤਰ ਉਲੀਕਦਾ ਹੈ — ਇਹਨਾ ਵੇਰਵਿਆਂ ਉਤੇ ਨਜ਼ਰ ਰਖਦੇ ਹੋਏ ਸ਼ਾਹ ਮੁਹੰਮਦ ਦੀ ਚਿੰਤਨਸ਼ੀਲ ਬਿਰਤੀ ਬਾਰੇ ਚਰਚਾ ਕਰੋ । 20
(ਸ਼ਬਦ ਸੀਮਾ : 250)

(b) 'ਧਨੀਰਾਮ ਚਾਤ੍ਰਿਕ ਲੋਕਾਂ ਦਾ ਕਵੀ ਹੈ, ਉਸ ਦੀ ਕਵਿਤਾ ਦਾ ਲਹਿਜ਼ਾ ਅਤੇ ਸੁਰ ਸੁਧਾਰਕ ਹੈ ਜਿਸ ਵਿਚ ਆਲੇ-ਦੁਆਲੇ ਦਾ ਵਿਵਰਣ ਤਾਂ ਹੈ ਪਰੰਤੂ ਹਾਲਾਤ ਅਤੇ ਹਾਦਸਿਆਂ ਬਾਰੇ ਪ੍ਰਤਿਕਰਮ ਘਟ' — ਚਾਤ੍ਰਿਕ ਕਾਵਿ ਦੇ ਕਲਾਮਈ ਨਿਭਾਅ ਨੂੰ ਧਿਆਨ ਵਿਚ ਰਖਦੇ ਹੋਏ ਆਪਣਾ ਅਧਿਐਨ ਪੇਸ਼ ਕਰੋ । (ਸ਼ਬਦ ਸੀਮਾ : 250) 20

(c) ਸ਼ਾਹ ਮੁਹੰਮਦ ਵਲੋਂ ਆਪਣੇ ਜੰਗਨਾਮੇ ਵਿਚ ਇਤਿਹਾਸ ਦੀ ਦ੍ਰਿਸ਼ਟੀ ਤੋਂ ਕੀਤੀਆਂ ਭੁਲਾਂ ਸਪਸ਼ਟ ਕਰੋ । (ਸ਼ਬਦ ਸੀਮਾ : 150) 10



punjabiforias.com by Satinder Sir

Scanned with CamScanner

7. (a) 'ਗਾਰਗੀ ਦੇ ਹੱਥਾਂ ਵਿਚ ਪੰਜਾਬੀ ਨਾਟਕ ਦੇ ਕੇਵਲ ਰਸਮੀ ਸਫ਼ਰ ਹੀ ਤਹਿ ਨਹੀਂ ਕੀਤਾ ਸਗੋਂ ਉਸ ਨੇ ਸਮਕਾਲੀ ਚੇਤਨਾ, ਪ੍ਰਸਥਿਤੀਆਂ ਅਤੇ ਵਾਤਾਵਰਨ ਦੇ ਅਨੁਕੂਲ, ਮਾਨਸਿਕ ਅਤੇ ਬੌਧਿਕ ਪੱਖ ਤੋਂ ਵੀ ਪੰਜਾਬੀ ਨਾਟਕ ਦਾ ਮੁਹਾਂਦਰਾ ਸੁਆਰਿਆ ਹੈ — ਇਸ ਧਾਰਨਾ ਬਾਰੇ ਚਰਚਾ ਕਰਨ ਲਈ 'ਲੋਹਾ-ਕੁੱਟ', 'ਧੂਣੀ ਦੀ ਅੱਗ' ਅਤੇ 'ਸੁਲਤਾਨ ਰਜ਼ੀਆ' ਨਾਟਕਾਂ ਨੂੰ ਆਧਾਰ ਬਣਾਓ । (ਸ਼ਬਦ ਸੀਮਾ : 350) 25

(b) "ਗੁਰਬਖ਼ਸ਼ ਸਿੰਘ ਪੰਜਾਬੀ ਦਾ ਉਹ ਸਮਰਥ "ਗੱਦ-ਸ਼ੈਲੀਆ" ਹੈ ਜਿਸਨੇ ਪੰਜਾਬੀ ਵਾਰਤਕ ਦੀਆਂ ਲੁਕੀਆਂ ਸੰਭਾਵਨਾਵਾਂ ਨੂੰ ਉਜਾਗਰ ਕੀਤਾ" ਜਾਂ "ਗੁਰਬਖ਼ਸ਼ ਸਿੰਘ ਦੀ ਵਾਰਤਕ ਦਾ ਮੀਰੀ ਗੁਣ ਵਿਵੇਕ ਨਹੀਂ ਵੇਗ ਹੈ ਅਤੇ ਉਸ ਦੀ ਵਾਰਤਕ ਪੱਤਰਕਾਰੀ ਤੋਂ ਅਗਾਂਹ ਨਹੀਂ ਟੱਪੀ" — ਤੁਸੀ ਕਿਸ ਟਿਪਣੀ ਨਾਲ ਸਹਿਮਤ ਹੋ ਅਤੇ ਕਿਉਂ ? ਉੱਤਰ ਤਰਕ ਅਤੇ ਦਲੀਲਾਂ ਸਹਿਤ ਦਿਓ । (ਸ਼ਬਦ ਸੀਮਾ : 350) 25

Q8. (a) 'ਚਿੱਟਾ ਲਹੂ' ਅਤੇ 'ਪਵਿੱਤਰ ਪਾਪੀ' ਨਾਨਕ ਸਿੰਘ ਦੇ ਦੋਹਾਂ ਨਾਵਲਾਂ ਵਿਚ ਵਿਅਕਤੀ ਅਤੇ ਸਮਾਜ ਦੇ ਦਵੰਦਾਤਮਕ ਰਿਸ਼ਤੇ ਨੂੰ ਕੇਂਦਰ ਵਿਚ ਰਖਿਆ ਗਿਆ ਹੈ । ਇਹਨਾਂ ਨਾਵਲਾਂ ਦੇ ਮੁੱਖ ਪਾਤਰ ਸਥਾਪਿਤ ਮਰਿਆਦਾ ਦਾ ਪੱਖ ਪੂਰਦੇ ਹੋਏ ਆਦਰਸ਼ ਅਤੇ ਯਥਾਰਥ ਦੇ ਤਣਾਉ ਨੂੰ ਹੰਢਾਉਂਦੇ ਹਨ — ਇਹਨਾਂ ਪਾਤਰਾਂ ਦੀ ਦੁਖਾਂਤ ਸਥਿਤੀ ਨੂੰ ਅਧਿਐਨ ਦਾ ਵਿਸ਼ਾ ਬਣਾਓ । (ਸ਼ਬਦ ਸੀਮਾ : 250) 20

(b) "ਬਲਰਾਜ ਸਾਹਨੀ ਦੀ ਪੁਸਤਕ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਦਾ ਸਿਰਲੇਖ ਭਾਵੇਂ ਇਸ ਨੂੰ ਸਫ਼ਰਨਾਮਿਆਂ ਦੀ ਕੋਟੀ ਵਿਚ ਰਖਦਾ ਹੈ ਪਰ ਹਕੀਕਤ ਵਿਚ ਇਹ 'ਡਾਇਰੀ' ਦੀ ਵਿਧਾ ਦੇ ਵਧੇਰੇ ਨੇੜੇ ਹੈ ਜਿਸ ਵਿਚ ਲੇਖਕ ਨੇ ਪਾਕਿਸਤਾਨ ਵਿਚ ਗੁਜ਼ਾਰੇ ਆਪਣੇ 17 ਦਿਨਾਂ ਦੇ ਯਾਤਰਾ-ਬਿਰਤਾਂਤ ਨੂੰ ਕਲਮਬੱਧ ਕੀਤਾ ਹੈ" — ਇਸ ਦਾਅਵੇ ਬਾਰੇ ਆਪਣੀ ਆਲੋਚਨਾਤਮਕ ਰਾਇ ਪੇਸ਼ ਕਰੋ । (ਸ਼ਬਦ ਸੀਮਾ : 250) 20

(c) ਇਕ ਮਿਆਨ ਦੋ ਤਲਵਾਰਾਂ ਨਾਵਲ ਦੇ ਨਾਮ ਦੀ ਸਾਰਥਕਤਾ ਅਤੇ ਉਚਿਤਤਾ ਸਪਸ਼ਟ ਕਰੋ । (ਸ਼ਬਦ ਸੀਮਾ : 150) 10

punjabiforias.com by Satinder Sir

Scanned with CamScanner